# 2ਜੀ ਭਾਰਤ-ਇਟਲੀ ਕੌਂਸਲਰ ਵਾਰਤਾ

ਫ਼ਰਵਰੀ 29, 2024

ਫ਼ਰਵਰੀ 29, 2024 ਨੂੰ, ਦਿੱਲੀ ਵਿੱਚ, ਭਾਰਤ ਅਤੇ ਇਟਲੀ ਦੇ ਉੱਚ ਅਧਿਕਾਰੀਆਂ ਨੇ 2ਜੀ ਦੁਵੱਲੀ ਕੌਂਸਲਰ ਵਾਰਤਾ ਵਾਸਤੇ ਮੁਲਾਕਾਤ ਕੀਤੀ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਸੀ.ਪੀ.ਵੀ. ਅਤੇ ਓ.ਆਈ.ਏ.) ਸ਼੍ਰੀ ਮੁਕਤੇਸ਼ ਕੁਮਾਰ ਪਰਦੇਸ਼ੀ ਨੇ ਕੀਤੀ ਅਤੇ ਵਫ਼ਦ ਵਿੱਚ ਸੰਯੁਕਤ ਸਕੱਤਰ ਸੀ.ਪੀ.ਵੀ. ਡਾ. ਕੇ ਜੇ ਸ਼੍ਰੀਨਿਵਾਸ ਅਤੇ ਵਿਦੇਸ਼ ਮੰਤਰਾਲੇ ਦੇ ਵੱਖ-ਵੱਖ ਵਿਭਾਗਾਂ, ਹੋਰ ਮੰਤਰਾਲਿਆਂ ਅਤੇ ਏਜੰਸੀਆਂ ਦੇ ਹੋਰ ਅਧਿਕਾਰੀ ਸ਼ਾਮਲ ਸਨ ਜਿਨ੍ਹਾਂ ਨੇ ਇਤਾਲਵੀ ਵਫ਼ਦ ਦੀ ਮੇਜ਼ਬਾਨੀ ਕੀਤੀ। ਇਤਾਲਵੀ ਵਫ਼ਦ ਦੀ ਅਗਵਾਈ ਸ਼੍ਰੀ ਲੁਈਗੀ ਮਾਰੀਆ ਵਿਗਨਾਲੀ, ਡਾਇਰੈਕਟਰ ਜਨਰਲ ਫਾਰ ਮਾਈਗ੍ਰੇਟਰੀ ਪਾਲਿਸੀਜ਼ ਐਂਡ ਇਟਾਲੀਅਨਜ਼ ਅਬਰੋਡ, ਇਤਾਲਵੀ ਐਮ.ਓ.ਐਫ.ਏ. ਨੇ ਕੀਤੀ ਅਤੇ ਭਾਰਤ ਵਿੱਚ ਰਾਜਦੂਤ, ਵਿਨਸੇਂਜ਼ੋ ਡੀ ਲੂਕਾ ਉਨ੍ਹਾਂ ਦੇ ਨਾਲ ਸੀ।

ਦੋਵੇਂ ਰਣਨੀਤਕ ਭਾਈਵਾਲ ਮੁਲਕਾਂ ਵਿੱਚਕਾਰ ਵਾਰਤਾ ਨੇ ਮਜ਼ਬੂਤ ਲੋਕਾਂ-ਦਰ-ਲੋਕ ਸਬੰਧਾਂ ਅਤੇ ਸਹਿਯੋਗ, ਜੋ ਦੋਵੇਂ ਮੁਲਕ ਆਪਸੀ ਹਿੱਤਾਂ ਦੇ ਕੌਂਸਲਰ ਮੁੱਦਿਆਂ ਵਿੱਚ ਸਾਂਝੇ ਕਰਦੇ ਹਨ, ਨੂੰ ਹੋਰ ਜਿਆਦਾ ਮਜ਼ਬੂਤ ਕੀਤਾ ਹੈ।

ਦੋਵੇਂ ਪੱਖਾਂ ਨੇ ਤੇਜ਼ ਵੀਜ਼ਾ ਪ੍ਰੋਸੈਸਿੰਗ, ਵਿਦਿਆਰਥੀਆਂ ਅਤੇ ਪੇਸ਼ੇਵਰਾਂ ਦੀ ਆਵਾਜਾਈ, ਸੁਰੱਖਿਅਤ ਅਤੇ ਕਾਨੂੰਨੀ ਪਰਵਾਸ, ਐੱਮ.ਐੱਮ.ਪੀ.ਏ., ਕਮਜ਼ੋਰ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਅਤੇ ਆਪਣੇ-ਆਪਣੇ ਨਾਗਰਿਕਾਂ ਦੀ ਨਿਰਵਿਘਨ ਯਾਤਰਾ ਨੂੰ ਸਮਰੱਥ ਬਣਾਉਣ ਵਰਗੇ ਕਈ ਮੁੱਦਿਆਂ 'ਤੇ ਸਹਿਯੋਗ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ।

ਦੋਵੇਂ ਪੱਖਾਂ ਨੇ ਅਗਲੀ ਕੌਂਸਲਰ ਵਾਰਤਾ ਨੂੰ ਰੋਮ ਵਿੱਚ ਕਿਸੇ ਆਪਸੀ ਸੁਵਿਧਾਜਨਕ ਤਾਰੀਖ਼ 'ਤੇ ਰੱਖਣ ਦੀ ਸਹਿਮਤੀ ਬਣਾਈ।

**ਨਵੀਂ ਦਿੱਲੀ**

**ਫ਼ਰਵਰੀ 29, 2024**